*

**ਪੰਜਾਬ ਵਿਧਾਨ ਸਭਾ ਸਕੱਤਰੇਤ**
**ਮੰਗਲਵਾਰ, ਮਿਤੀ 28 ਜੂਨ, 2022 ਨੂੰ ਹੋਣ ਵਾਲੀ ਪੰਜਾਬ ਵਿਧਾਨ ਸਭਾ**
**ਦੀ ਸਵੇਰ ਦੀ ਬੈਠਕ ਵਿਚ ਪੁੱਛੇ ਜਾਣ ਵਾਲੇ ਨਿਸ਼ਾਨ ਵਾਲੇ ਪ੍ਰਸ਼ਨ।**

**ਗੋਇੰਦਵਾਲ ਸਾਹਿਬ ਤੋਂ ਤਰਨਤਾਰਨ ਸੜਕ ਚਹੁੰ-ਮਾਰਗੀ ਕਰਨਾ**

*252. **ਸਰਦਾਰ ਮਨਜਿੰਦਰ ਸਿੰਘ ਲਾਲਪੁਰਾ, ਐਮ.ਐਲ.ਏ.**:- ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਗੋਇੰਦਵਾਲ ਸਾਹਿਬ ਤੋਂ ਤਰਨਤਾਰਨ ਤੱਕ ਦੀ ਸੜਕ ਨੂੰ ਚਾਰ ਮਾਰਗੀ ਕਰਨ ਦਾ ਵਿਚਾਰ ਰੱਖਦੀ ਹੈ; ਜੇਕਰ ਅਜਿਹਾ ਹੋਵੇ ਤਾਂ ਕਦੋਂ ਤੱਕ?

**ਮੁਕੇਰੀਆਂ (ਜ਼ਿਲ੍ਹਾ ਹੁਸ਼ਿਆਰਪੁਰ) ਵਿੱਚ ਸਰਕਾਰੀ ਕਾਲਜ ਖੋਲ੍ਹਣਾ**

*280. **ਸ਼੍ਰੀ ਜੰਗੀ ਲਾਲ ਮਹਾਜਨ, ਐਮ.ਐਲ.ਏ.**:- ਕੀ ਉਚੇਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਮੁਕੇਰੀਆਂ (ਜ਼ਿਲ੍ਹਾ ਹੁਸ਼ਿਆਰਪੁਰ) ਵਿੱਚ ਸਰਕਾਰੀ ਕਾਲਜ ਖੋਲ੍ਹਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹਾਂ ਤਾਂ ਕਦੋਂ ਤੱਕ?

**ਗੜ੍ਹਸ਼ੰਕਰ ਵਿਖੇ ਪਸ਼ੂ ਮੰਡੀ ਬਣਾਉਣਾ**

*296. **ਸਰਦਾਰ ਜੈ ਕ੍ਰਿਸ਼ਨ ਸਿੰਘ ਰੋੜੀ, ਐਮ.ਐਲ.ਏ.**:- ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਗੜ੍ਹਸ਼ੰਕਰ ਸ਼ਹਿਰ ਵਿੱਚ ਪਸ਼ੂ ਮੰਡੀ ਬਣਾਉਣ ਦੀ ਕੋਈ ਤਜਵੀਜ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਮੱਲਾਂ ਵਾਲਾ, ਜ਼ੀਰਾ ਵਿਖੇ ਬੱਸ ਸਟੈਂਡ ਬਣਾਉਣਾ**

*302. **ਸ਼੍ਰੀ ਨਰੇਸ਼ ਕਟਾਰੀਆ, ਐਮ.ਐਲ.ਏ.**:- ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਮੱਲਾਂ ਵਾਲਾ, ਤਹਿ: ਜ਼ੀਰਾ ਵਿਖੇ ਬੱਸ ਸਟੈਂਡ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈਸ ਜੇਕਰ ਹੈ ਤਾਂ ਇਹ ਕਦੋਂ ਤੱਕ ਬਣਾ ਦਿੱਤਾ ਜਾਵੇਗਾ?

**ਮਕਰੋੜ ਸਾਹਿਬ ਤੋਂ ਪਿੰਡ ਕੜੈਲ ਤੱਕ ਘੱਗਰ ਦਰਿਆ ਨੂੰ ਚੌੜਾ ਕਰਨਾ**

*166. **ਸ਼੍ਰੀ ਬਰਿੰਦਰ ਕੁਮਾਰ ਗੋਇਲ, ਐਮ.ਐਲ.ਏ.**:- ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:--

ੳ) ਕੀ ਇਹ ਠੀਕ ਹੈ ਕਿ ਹਲਕਾ ਲਹਿਰਾਗਾਗਾ ਵਿੱਚ ਲੰਘਦੇ ਘੱਗਰ ਦਰਿਆ ਨੂੰ ਦੋਵੇਂ ਕਿਨਾਰਿਆ ਤੋਂ ਇੱਕ-ਇੱਕ ਕਿੱਲਾ ਜ਼ਮੀਨ ਦੇ ਕੇ ਖਨੌਰੀ ਸ਼ਹਿਰ ਤੋਂ ਪਿੰਡ ਮਕਰੋੜ ਸਾਹਿਬ ਤੱਕ ਚੌੜਾ ਕੀਤਾ ਗਿਆ ਹੈ;

ਅ) ਕੀ ਇਹ ਵੀ ਠੀਕ ਹੈ ਕਿ ਘੱਗਰ ਦਰਿਆ ਨੂੰ ਪਿੰਡ ਮਕਰੋੜ ਸਾਹਿਬ ਤੋਂ ਪਿੰਡ ਕੜੈਲ ਜੋ ਕਿ ਪੰਜਾਬ-ਹਰਿਆਣਾ ਬਾਰਡਰ ਤੇ ਸਥਿਤ ਹੈ ਤੱਕ ਚੋੜਾ ਨਹੀਂ ਕੀਤਾ ਗਿਆ ਜਿਸ ਕਾਰਨ ਬਹਾ ਵਾਲਾ ਪਾਣੀ ਚੋੜਾਈ ਘੱਟ (ਇੱਕ ਕਿੱਲਾ) ਹੋਣ ਕਾਰਨ ਓਵਰ ਫਲੋ ਹੋ ਕੇ ਕਿਸਾਨਾਂ ਦੀਆ ਵਾਹੀ ਯੋਗ ਜਮੀਨਾਂ ਨੂੰ ਲਗਾਤਾਰ ਢਾਹ ਲਾ ਰਿਹਾ ਹੈ; ਜੇਕਰ ਅਜਿਹਾ ਹੋਵੇਂ ਤਾਂ ਕੀ ਪਿੰਡ ਮਕਰੌੜ ਸਾਹਿਬ ਤੋਂ ਪਿੰਡ ਕੜੈਲ ਤੱਕ ਘੱਗਰ ਦਰਿਆ ਨੂੰ ਚੌੜਾ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਰਾਜ ਵਿੱਚ ਚੇਅਰਮੈਨ ਕੋਟੇ ਅਧੀਨ ਅਲਾਟ ਕੀਤੇ ਟਿਊਬਵੈੱਲ ਕੁਨੈਕਸ਼ਨਾਂ ਦੇ ਵੇਰਵੇ**

*115. **ਸਰਦਾਰ ਚੇਤਨ ਸਿੰਘ ਜੋੜਾਮਾਜਰਾ, ਐਮ.ਐਲ.ਏ.**:- ਕੀ ਬਿਜਲੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਰਾਜ ਵਿੱਚ ਚੇਅਰਮੈਨ ਕੋਟੇ ਅਧੀਨ ਅਲਾਟ ਕੀਤੇ ਪੈਂਡਿੰਗ ਟਿਊਬਵੈਲ ਕੁਨੈਕਸ਼ਨਾਂ ਦੀ ਗਿਣਤੀ ਕਿੰਨੀ ਹੈ; ਜ਼ਿਲ੍ਹਾਵਾਰ ਵੇਰਵੇ ਦਿੱਤੇ ਜਾਣ;

ਅ) ਉਪਰੋਕਤ ਭਾਗ (ੳ) ਵਿੱਚ ਦਰਸਾਏ ਅਨੁਸਾਰ ਇਨ੍ਹਾਂ ਵਿੱਚੋਂ ਕਿੰਨੇ ਲਾਭਪਾਤਰੀਆਂ ਨੇ ਸਿਕਿਉਰਟੀ ਫੀਸ ਜਮ੍ਹਾਂ ਕਰਵਾ ਦਿੱਤੀ ਹੈ ਅਤੇ ਪੈਂਡਿੰਗ ਕੇਸਾਂ ਦਾ ਨਿਪਟਾਰਾ ਕਦੋਂ ਤੱਕ ਕਰ ਦਿੱਤਾ ਜਾਵੇਗਾ?

**ਹਲਕਾ ਬਾਘਾਪੁਰਾਣਾ ਵਿਖੇ ਮਿਲਕ ਪਲਾਂਟ ਲਗਾਉਣਾ**

*314. **ਸਰਦਾਰ ਅੰਮ੍ਰਿਤਪਾਲ ਸਿੰਘ ਸੁਖਾਨੰਦ, ਐਮ.ਐਲ.ਏ**:- ਕੀ ਸਹਿਕਾਰਤਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਬਾਘਾਪੁਰਾਣਾ ਵਿਖੇ ਕੋਈ ਵੀ ਮਿਲਕ ਪਲਾਂਟ ਨਹੀਂ ਹੈ; ਜੇਕਰ ਅਜਿਹਾ ਹੈ ਤਾਂ ਕੀ ਸਰਕਾਰ ਬਾਘਾਪੁਰਾਣਾ ਵਿਖੇ ਇੱਕ ਮਿਲਕ ਪਲਾਂਟ ਲਗਾਉਣ ਤੇ ਵਿਚਾਰ ਕਰੇਗੀ; ਜੇਕਰ ਹਾਂ ਤਾਂ ਕਦੋਂ ਤੱਕ?

**ਅੰਗਹੀਣ ਵਿਅਕਤੀ ਨੂੰ ਅੰਗਹੀਣ ਪੈਨਸ਼ਨ ਦੇ ਨਾਲ-ਨਾਲ ਬੁਢਾਪਾ ਪੈਨਸ਼ਨ ਵੀ ਦੇਣਾ**

*328. **ਸਰਦਾਰ ਲਾਭ ਸਿੰਘ ਉਗੋਕੇ, ਐਮ.ਐਲ.ਏ.**:- ਕੀ ਸਮਾਜਿਕ ਸੁਰੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਅੰਗਹੀਣ ਵਿਅਕਤੀ ਜੋ ਕਿ ਬੁਢਾਪਾ ਪੈਨਸ਼ਨ ਦੇ ਵੀ ਯੋਗ ਹੈ, ਨੂੰ ਬੁਢਾਪਾ ਪੈਨਸ਼ਨ ਨਹੀਂ ਦਿੱਤੀ ਜਾਂਦੀ; ਜੇਕਰ ਅਜਿਹਾ ਹੋਵੇ ਤਾਂ ਕੀ ਅੰਗਹੀਣ ਵਿਅਕਤੀਆਂ ਨੂੰ ਅੰਗਹੀਣ ਪੈਨਸ਼ਨ ਦੇ ਨਾਲ-ਨਾਲ ਬੁਢਾਪਾ ਪੈਨਸ਼ਨ ਵੀ ਦੇਣ ਦੀ ਕੋਈ ਨੀਤੀ ਬਣਾਉਣਾ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹਾਂ ਤਾਂ ਕਦੋਂ ਤੱਕ ਲਾਗੂ ਕਰ ਦਿੱਤੀ ਜਾਵੇਗੀ?

**ਪ੍ਰੋ. ਗੁਰਸੇਵਕ ਸਿੰਘ ਸਰੀਰਕ ਕਾਲਜ਼, ਪਟਿਆਲਾ ਨੂੰ ਚਾਲੂ ਕਰਵਾਉਣਾ**

*123. **ਸਰਦਾਰ ਅਜੀਤ ਪਾਲ ਸਿੰਘ ਕੋਹਲੀ, ਐਮ.ਐਲ.ਏ.**:- ਕੀ ਉਚੇਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਪ੍ਰੋ. ਗੁਰਸੇਵਕ ਸਿੰਘ ਸਰੀਰਿਕ ਕਾਲਜ਼, ਪਟਿਆਲਾ ਦੇ ਬੰਦ ਹੋਣ ਦੇ ਕੀ ਕਾਰਨ ਹਨ ਅਤੇ ਇਸ ਬਹੁਤ ਵੱਡੇ ਪ੍ਰਤਿਸ਼ਠਿਤ ਕਾਲਜ ਨੂੰ ਚਾਲੂ ਕਰਵਾਉਣ ਲਈ ਸਰਕਾਰ ਦੀ ਕੀ ਤਜਵੀਜ਼ ਹੈ;

ਅ) ਇਸ ਕਾਲਜ ਦੇ ਬੰਦ ਹੋਣ ਕਾਰਨ ਵਿਹਲੇ ਹੋਏ ਸਟਾਫ ਦੀ ਐਡਜਸਟਮੈਂਟ ਕਿੱਥੇ-ਕਿੱਥੇ ਕੀਤੀ ਗਈ ਹੈ ਅਤੇ ਐਡਜਸਟ ਕੀਤੇ ਗਏ ਸਟਾਫ ਦੀ ਸੀਨੀਅਰਤਾ ਕਿਸ ਤਰ੍ਹਾਂ ਫਿਕਸ ਕੀਤੀ ਗਈ ਹੈ;

ੲ) ਕਿੰਨੇ ਸਟਾਫ ਨੂੰ ਨੌਕਰੀ ਤੋਂ ਕੱਢ ਦਿੱਤਾ ਗਿਆ ਹੈ ਅਤੇ ਇਸ ਦੇ ਕੀ ਕਾਰਨ ਹਨ?

**ਪਿੰਡ ਅੱਟੀ ਦੇ ਛੱਪੜ ਨੂੰ ਪਿੰਡ ਤੋਂ ਬਾਹਰ ਕਰਨਾ**

*188. **ਸ਼੍ਰੀ ਵਿਕਰਮਜੀਤ ਸਿੰਘ ਚੌਧਰੀ, ਐਮ.ਐਲ.ਏ.**:- ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਪਿੰਡ ਅੱਟੀ ਦੇ ਲੋਕਾਂ ਨੇ ਪਿੰਡ ਵਿਚਲੇ ਛੱਪੜ ਨੂੰ ਪਿੰਡ ਤੋਂ ਬਾਹਰ ਬਣਾਉਣ ਦੀ ਮੰਗ ਕੀਤੀ ਹੈ;

ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿੱਚ ਹੋਵੇ ਤਾਂ ਕੀ ਉਕਤ ਛੱਪੜ ਨੂੰ ਪਿੰਡ ਤੋਂ ਬਾਹਰ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ ਕਰ ਦਿੱਤਾ ਜਾਵੇਗਾ?

ਪਰਤੋਂ ਜੀ....

**ਹਲਕਾ ਜੈਤੋਂ ਦੇ ਹਸਪਤਾਲ ਦਾ ਨਵੀਨੀਕਰਨ ਅਤੇ ਸਟਾਫ ਦੀ ਘਾਟ ਪੂਰੀ ਕਰਨਾ**

*320. **ਸਰਦਾਰ ਅਮੋਲਕ ਸਿੰਘ, ਐਮ.ਐਲ.ਏ.**:- ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਜੈਤੋ ਦੇ ਸਰਕਾਰੀ ਹਸਪਤਾਲ ਦੀ ਹਾਲਤ ਬਹੁਤ ਖਰਾਬ ਹੈ ਅਤੇ ਸਟਾਫ ਦੀ ਵੀ ਘਾਟ ਹੈ; ਜੇਕਰ ਅਜਿਹਾ ਹੈ ਤਾਂ ਸਰਕਾਰ ਇਸ ਹਸਪਤਾਲ ਦਾ ਨਵੀਨੀਕਰਨ ਅਤੇ ਸਟਾਫ ਦੀ ਘਾਟ ਨੂੰ ਕਦੋਂ ਤੱਕ ਪੂਰਾ ਕਰ ਦੇਵੇਗੀ?

**ਸਰਕਾਰੀ ਮੁਲਾਜ਼ਮਾਂ ਨੂੰ 6ਵੇਂ ਪੇ ਕਮਿਸ਼ਨ ਦੇ ਏਰੀਅਰ ਦੀ ਅਦਾਇਗੀ ਦੇਣਾ**

*50. **ਡਾਕਟਰ ਚਰਨਜੀਤ ਸਿੰਘ, ਐਮ.ਐਲ.ਏ.**:- ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਰਕਾਰੀ ਮੁਲਾਜ਼ਮਾਂ ਨੂੰ ਸਾਲ 2016 ਤੋਂ ਲਾਗੂ ਕੀਤੇ ਗਏ ਛੇਵੇਂ ਪੇ ਕਮਿਸ਼ਨ ਦੇ ਬਣਦੇ ਏਰੀਅਰ ਦੀ ਅਦਾਇਗੀ ਕਦੋਂ ਤੱਕ ਕਰ ਦਿੱਤੀ ਜਾਵੇਗੀ?

**ਹਲਕਾ ਸਨੌਰ ਦੇ ਪਿੰਡ ਰੋਸ਼ਨਪੁਰ ਬਲਾਕ ਭੁੱਨਰਹੇੜੀ ਵਿਖੇ ਬਿਜਲੀ ਦੇ ਗ੍ਰਿੱਡ ਦੀ ਮੌਜੂਦਾ ਸਥਿਤੀ**

*216. **ਸਰਦਾਰ ਹਰਮੀਤ ਸਿੰਘ ਪਠਾਨਮਾਜਰਾ, ਐਮ.ਐਲ.ਏ.**:- ਕੀ ਬਿਜਲੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਹਲਕਾ ਸਨੌਰ ਦੇ ਪਿੰਡ ਰੋਸ਼ਨਪੁਰ, ਬਲਾਕ ਭੁੱਨਰਹੇੜੀ ਵਿਖੇ ਪਿਛਲੇ ਸਮੇਂ ਬਿਜਲੀ ਦਾ ਗਰਿੱਡ ਲਗਾਉਣ ਦੀ ਯੋਜਨਾ ਸੀ; ਜੇਕਰ ਹਾਂ ਤਾਂ ਕਿੰਨੇ ਕੇ.ਵੀ. ਦਾ ਗਰਿੱਡ ਲਗਾਉਣਾ ਸੀ;

ਅ) ਇਸ ਗਰਿੱਡ ਦੀ ਮੌਜੂਦਾ ਸਥਿਤੀ ਕੀ ਹੈ ਅਤੇ ਸਰਕਾਰ ਇਸ ਨੂੰ ਕਦੋਂ ਤੱਕ ਮੁਕੰਮਲ ਕਰ ਦੇਵੇਗੀ?

**ਹਲਕਾ ਉੜਮੁੜ-ਟਾਂਡਾ ਵਿਖੇ ਵਰਖਾ ਦੇ ਪਾਣੀ ਨੂੰ ਪੀਣ ਯੋਗ ਅਤੇ ਸਿੰਚਾਈ ਲਈ ਵਰਤਣ ਲਈ ਪ੍ਰੋਜੈਕਟ ਲਗਾਉਣਾ**

*235. **ਸਰਦਾਰ ਜਸਬੀਰ ਸਿੰਘ ਰਾਜਾ ਗਿੱਲ, ਐਮ.ਐਲ.ਏ.**:- ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਵਿਧਾਨ ਸਭਾ ਹਲਕਾ ਉੜਮੁੜ- ਟਾਂਡਾ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਵਰਖਾ ਦੇ ਪਾਣੀ ਨੂੰ ਇਕੱਠਾ ਕਰਕੇ ਇਸ ਨੂੰ ਪੀਣ ਯੋਗ ਅਤੇ ਸਿੰਚਾਈ ਲਈ ਵਰਤਣ ਸਬੰਧੀ ਪ੍ਰੋਜੈਕਟ ਲਗਾਉਣਾ ਸਰਕਾਰ ਦੇ ਵਿਚਾਰ ਅਧੀਨ ਹੈ;

ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿੱਚ ਹੋਵੇ ਤਾਂ ਇਹ ਪ੍ਰੋਜੈਕਟ ਕਦੋਂ ਤੱਕ ਮੁਕੰਮਲ ਹੋ ਜਾਵੇਗਾ?

**ਪੈਟਰੋਲੀਅਮ ਉਤਪਾਦਾਂ ਤੇ ਲਗਾਏ ਜਾਂਦੇ ਵੈਟ ਦੀ ਪ੍ਰਤੀਸ਼ਤਤਾ ਘੱਟ ਕਰਨਾ**

*167. **ਸਰਦਾਰ ਬਰਿੰਦਰਮੀਤ ਸਿੰਘ ਪਾਹੜਾ, ਐਮ.ਐਲ.ਏ.**:- ਕੀ ਆਬਕਾਰੀ ਅਤੇ ਕਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਰਾਜ ਵਿੱਚ ਪੈਟਰੋਲੀਅਮ ਉਤਪਾਦਾਂ ਦੀਆ ਵੱਧ ਰਹੀਆਂ ਕੀਮਤਾਂ ਤੋਂ ਜਨਤਾ ਨੂੰ ਰਾਹਤ ਦੇਣ ਲਈ ਇਸਤੇ ਲਗਾਏ ਜਾਂਦੇ ਵੈਟ ਦੀ ਪ੍ਰਤੀਸ਼ਤਤਾ ਨੂੰ ਘੱਟ ਕਰਨ ਤੇ ਵਿਚਾਰ ਕਰੇਗੀ; ਜੇਕਰ ਅਜਿਹਾ ਹੋਵੇ ਤਾਂ ਇਸਦੇ ਵੇਰਵੇ ਕੀ ਹਨ?

**ਮਾਝਾ ਖੇਤਰ ਦੇ ਨਹਿਰੀ ਪਾਣੀ ਦੇ ਵੇਰਵ**

*335. **ਸਰਦਾਰ ਇੰਦਰਬੀਰ ਸਿੰਘ ਨਿੱਝਰ, ਐਮ.ਐਲ.ਏ.**:- ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਮਾਝਾ ਖੇਤਰ ਵਿੱਚ ਅੱਪਰ ਬਾਰੀ ਦੁਆਬ ਕੈਨਾਲ (ਨਹਿਰ) (ਯੂ.ਬੀ.ਡੀ.ਸੀ.) ਦੀ ਹੜ੍ਹਾਂ ਦੇ ਪਾਣੀ ਨੂੰ ਵਹਾ ਕੇ ਲੈ ਜਾਣ ਦੀ ਸਮੱਰਥਾ ਕਿੰਨੀ ਹੈ;

ਅ) ਇਸ ਨਹਿਰ ਦੁਆਰਾ ਕਿੰਨਾਂ ਪਾਣੀ ਲੈ ਜਾਇਆ ਜਾਂਦਾ ਹੈ;

ੲ) ਮੌਜੂਦਾ ਸਮੇਂ ਵਿੱਚ ਪਾਣੀ ਦਾ ਮਾਪਦੰਡ ਕੀ ਹੈ ਅਤੇ ਇਹ ਇੱਕ ਸਾਲ ਵਿੱਚ ਕਿੰਨੇ ਦਿਨਾਂ ਲਈ ਹੈ;

ਸ) ਇਸ ਨਹਿਰ ਦੀ ਵਿਸ਼ੇਸ਼ ਮੁੰਰਮਤ ਆਖਰੀ ਵਾਰ ਕਦੋਂ ਕੀਤੀ ਗਈ ਸੀ?

**ਭੁਲੱਥ-ਨਡਾਲਾ-ਸੁਭਾਨਪੁਰ ਸੜਕ ਦੀ ਸਪੈਸ਼ਲ ਰਿਪੇਅਰ ਕਰਨਾ**

*246. **ਸਰਦਾਰ ਸੁਖਪਾਲ ਸਿੰਘ ਖਹਿਰਾ, ਐਮ.ਐਲ.ਏ.**:- ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਭੁਲੱਥ-ਨਡਾਲਾ-ਸੁਭਾਨਪੁਰ ਸੜਕ ਦੀ ਸਪੈਸ਼ਲ ਰਿਪੇਅਰ ਕੀਤੇ ਜਾਣ ਦੀ ਪ੍ਰਕਿਰਿਆ ਵਿਭਾਗ ਦੇ ਵਿਚਾਰ ਅਧੀਨ ਹੈ; ਜੇਕਰ ਹਾਂ ਤਾਂ ਇਹ ਰਿਪੇਅਰ ਕਦੋਂ ਤੱਕ ਮੁਕੰਮਲ ਹੋ ਜਾਵੇਗੀ?

**ਐਸ.ਬੀ.ਐਸ.ਐਸ.ਐਮ.ਜੀ.ਸੀ.ਜੀ. ਕਾਲਜ਼ ਨੂੰ ਡੀ.ਡੀ.ਓ. ਪਾਵਰਾਂ ਦੇਣਾ**

*308. **ਸ਼੍ਰੀ ਦਿਨੇਸ਼ ਚੱਢਾ, ਐਮ.ਐਲ.ਏ.**:- ਕੀ ਉਚੇਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਸੰਤ ਬਾਬਾ ਸੇਵਾ ਸਿੰਘ ਮੈਮੋਰੀਅਲ ਸਰਕਾਰੀ ਕਾਲਜ਼ ਲੜਕੀਆਂ ਮੁੰਨੇ ਰੋਪੜ ਜੋ ਕਿ ਸਾਲ 2016 ਵਿੱਚ ਸਰਕਾਰ ਨੇ ਆਪਣੇ ਅਧੀਨ ਕਰ ਲਿਆ ਸੀ ਵਿੱਚ ਹੁਣ ਤੱਕ ਨਾ ਤਾਂ ਡੀ.ਡੀ.ਓ. ਪਾਵਰਾਂ ਦਿੱਤੀਆਂ ਗਈਆ ਹਨ ਅਤੇ ਨਾ ਹੀ ਖਾਲੀ ਅਸਾਮੀਆਂ ਭਰੀਆ ਗਈਆ ਹਨ; ਜੇਕਰ ਅਜਿਹਾ ਹੋਵੇ ਤਾਂ ਕਦੋਂ ਤੱਕ ਇਸ ਕਾਲਜ਼ ਵਿੱਚ ਡੀ.ਡੀ.ਓ. ਪਾਵਰਾਂ ਅਤੇ ਖਾਲੀ ਅਸਾਮੀਆਂ ਭਰ ਦਿੱਤੀਆ ਜਾਣਗੀਆ?

**ਇਤਿਹਾਸਕ ਕਸਬਾ ਕਮਾਹੀ ਦੇਵੀ ਵਿਖੇ ਬੱਸ ਸਟੈਂਡ ਬਣਾਉਣਾ**

*164. **ਸਰਦਾਰ ਕਰਮਬੀਰ ਸਿੰਘ, ਐਮ.ਐਲ.ਏ.**:- ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਵਿਧਾਨ ਸਭਾ ਹਲਕਾ ਦਸੂਹਾ ਹੁਸ਼ਿਆਰਪੁਰ ਦੇ ਕੰਡੀ ਏਰੀਏ ਦੇ ਇਤਿਹਾਸਕ ਕਸਬੇ ਕਮਾਹੀ ਦੇਵੀ ਵਿਖੇ ਨਵਾਂ ਬੱਸ ਸਟੈਂਡ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਫਗਵਾੜਾ ਵਿਖੇ ਟਰਾਮਾ ਸੈਂਟਰ ਬਣਾਉਣਾ**

*259. **ਸਰਦਾਰ ਬਲਵਿੰਦਰ ਸਿੰਘ ਧਾਲੀਵਾਲ, ਐਮ.ਐਲ.ਏ.**:- ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਵਿਧਾਨ ਸਭਾ ਹਲਕਾ ਫਗਵਾੜਾ ਵਿਖੇ ਟਰਾਮਾ ਸੈਂਟਰ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ: ਜੇਕਰ ਹਾਂ ਤਾਂ ਕਦੋਂ ਤੱਕ?

ਚੰਡੀਗੜ੍ਹ
ਮਿਤੀ 24 ਜੂਨ, 2022

ਸੁਰਿੰਦਰ ਪਾਲ,
ਸਕੱਤਰ,
ਪੰਜਾਬ ਵਿਧਾਨ ਸਭਾ।